ਸਹਾਇਤਾ ਤੇ ਮੁੜ ਸਥਾਪਨ ਵਿਭਾਗ
(ਕਮਰਾ ਨੰ:715, ਸੱਤਵੀਂ ਮੰਜ਼ਿਲ,
ਮਿਨੀ ਸਕੱਤਰੇਤ, ਪੰਜਾਬ, ਸੈਕਟਰ 9, ਚੰਡੀਗੜ੍ਹ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼।

ਯਾਦ ਪੱਤਰ ਨੰ:5/41/2002 - ਰਰ4/ 18935
ਮਿਤੀ, ਚੰਡੀਗੜ੍ਹ 5 ਦਸੰਬਰ, 2002

ਵਿਸ਼ਾ ਅੱਤਵਾਦ ਪ੍ਰਭਾਵਿਤ/ਦੰਗਿਆਂ ਦੌਰਾਨ ਮਾਰੇ ਵਿਅਕਤੀਆਂ ਦੇ ਨਿਰਭਰ ਪਰਿਵਾਰਕ ਮੈਂਬਰਾਂ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਬਾਰੇ।

ਜਿਵੇਂ ਕਿ ਆਪ ਨੂੰ ਪਤਾ ਹੀ ਹੈ, ਅੱਤਵਾਦ/ਦੰਗਿਆਂ ਦੌਰਾਨ ਮਾਰੇ ਵਿਅਕਤੀਆਂ ਦੇ ਨਿਰਭਰ ਪਰਿਵਾਰਕ ਮੈਂਬਰਾਂ ਵਿਚੋਂ ਵਿਧਵਾ/ਲੜਕਾ/ਅਣਵਿਆਹੀ ਲੜਕੀ/ਗੋਦ ਲਿਆ ਲੜਕਾ/ਗੋਦ ਲਈ ਅਣਵਿਆਹੀ ਲੜਕੀ ਨੂੰ ਗਰੁੱਪ ਸੀ/ਡੀ ਦੀ ਆਸਾਮੀ ਤੇ ਤਰਸ ਦੇ ਆਧਾਰ ਤੇ ਨੌਕਰੀ ਦੇਣ ਲਈ ਵਿਚਾਰਿਆ ਜਾਂਦਾ ਹੈ। ਅਣਵਿਆਹੇ ਵਿਅਕਤੀ ਦੇ ਮਾਰੇ ਜਾਣ ਦੇ ਕੇਸ ਵਿੱਚ ਉਸ ਤੇ ਨਿਰਭਰ ਅਣਵਿਆਹੀ ਭੈਣ/ਅਣਵਿਆਹੇ ਭਰਾ ਨੂੰ ਅਜਿਹੀ ਸਹੂਲਤ ਲਈ ਵਿਚਾਰਿਆ ਜਾਂਦਾ ਹੈ। ਪਰ ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਹੋਰ ਲੋੜਵੰਦ ਕੇਟਾਗਰੀਆਂ ਨੂੰ ਵੀ ਇਸ ਮੰਤਵ ਲਈ ਵਿਚਾਰਨਾ ਬਣਦਾ ਹੈ।

2. ਸਾਰੇ ਮਾਮਲੇ ਤੇ ਵਿਚਾਰ ਕਰਨ ਉਪਰੰਤ ਸਰਕਾਰ ਵਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਉਕਤ ਦੇ ਨਾਲ ਹੇਠ ਲਿਖੀਆਂ ਕੇਟਾਗਰੀਆਂ ਦੇ ਕੇਸ ਵੀ ਗਰੁੱਪ ਸੀ/ਗਰੁੱਪ ਡੀ ਦੀ ਆਸਾਮੀ ਤੇ ਤਰਸ ਦੇ ਆਧਾਰ ਤੇ ਨੌਕਰੀ ਦੇਣ ਲਈ ਵਿਚਾਰੇ ਜਾਣਗੇ:-

(1) ਕਿਸੇ ਅਣਵਿਆਹੇ ਵਿਅਕਤੀ ਦੇ ਅੱਤਵਾਦ/ਦੰਗਿਆਂ ਦੌਰਾਨ ਮਾਰੇ ਜਾਣ ਤੇ ਉਸ ਤੇ ਨਿਰਭਰ ਭਰਾ ਨੂੰ ਤਰਸ ਦੇ ਆਧਾਰ ਤੇ ਨੌਕਰੀ ਲਈ ਤਦ ਹੀ ਵਿਚਾਰਿਆ ਜਾਵੇਗਾ ਜੇਕਰ ਉਹ ਬਿਨੈਕਾਰ ਆਪਣੇ ਭਰਾ ਦੀ ਮ੍ਰਿਤੂ ਸਮੇਂ ਕੰਵਾਰਾ ਹੋਵੇ ਅਤੇ ਆਪਣੇ ਭਰਾ ਤੇ ਨਿਰਭਰ ਹੋਵੇ, ਭਾਵੇਂ ਬਾਅਦ ਵਿੱਚ ਉਸ ਦੀ ਸ਼ਾਦੀ ਹੋ ਗਈ ਹੋਵੇ।

(2) ਜੇਕਰ ਅੱਤਵਾਦ/ਦੰਗਿਆਂ ਦੌਰਾਨ ਮਾਰੇ ਗਏ ਵਿਅਕਤੀ ਤੇ ਆਸ਼ਰਿਤ ਲੜਕੇ/ਗੋਦ ਲਏ ਲੜਕੇ/ ਭਰਾ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਲਈ ਕੇਸ ਪ੍ਰੋਸੈਸ ਹੋ ਰਿਹਾ ਹੋਵੇ, ਪਰ ਉਸ ਦੌਰਾਨ ਉਸ ਬਿਨੈਕਾਰ (ਜਿਸ ਨੂੰ ਨੌਕਰੀ ਦੇਣ ਲਈ ਵਿਚਾਰਿੰਆ ਜਾ ਰਿਹਾ ਹੋਵੇ) ਦੀ ਮ੍ਰਿਤੂ ਹੋ ਜਾਵੇ, ਤਦ ਉਸ ਬਿਨੈਕਾਰ ਦੀ ਵਿਧਵਾ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਲਈ ਪਾਤਰ ਸਮਝਿਆ ਜਾਵੇਗਾ।

3. ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਕੇਟਾਗਰੀਆਂ ਨਾਲ ਸਬੰਧਤ ਕੇਸ ਪ੍ਰੋਸੈਸ ਕਰਕੇ ਮੁਕੰਮਲ ਕਰਨ ਉਪਰੰਤ ਲੋੜੀਂਦੇ ਡਾਕੂਮੈਂਟ ਅਤੇ ਨਿਸ਼ਚਿਤ ਪ੍ਰੋਫਾਰਮੇ (ਕਾਪੀ ਨੱਥੀ ਹੈ) ਤੇ ਰਿਪੋਰਟ ਸਮੇਤ ਸਰਕਾਰ ਨੂੰ ਛੇਤੀ ਘੱਲੇ ਜਾਣ।

ਸਕੱਤਰ ਪੰਜਾਬ ਸਰਕਾਰ,
ਸਹਾਇਤਾ ਤੇ ਮੁੜ ਸਥਾਪਨ ਵਿਭਾਗ।

ਪਿੱਠ ਅੰਕਣ ਨੰ:5/41/2002 - ਰਰ4/ 18936 ਮਿਤੀ, ਚੰਡੀਗੜ੍ਹ 5 ਦਸੰਬਰ, 2002

ਉਤਾਰਾ ਪ੍ਰਸੋਨਲ ਵਿਭਾਗ, ਪੰਜਾਬ ਸਰਕਾਰ, ਨੂੰ ਸੂਚਨਾ/ਯੋਗ ਕਾਰਵਾਈ ਲਈ ਘੱਲਿਆ ਜਾਂਦਾ ਹੈ।

ਵਧੀਕ ਸਕੱਤਰ।